# ਪਰਿਵਰਤਨ: ਅਗਲਾ ਕਦਮ

## ਕੀ ਹੁੰਦਾ ਹੈ, ਜਦੋਂ ਮੇਰਾ ਬੱਚਾ ਤਿੰਨ ਸਾਲ ਦਾ ਹੋ ਜਾਂਦਾ ਹੈ?



*Individuals With Disabilities Education Act (ਅਪਾਹਜ ਵਿਅਕਤੀ ਸਿੱਖਿਆ ਐਕਟ, IDEA) ਭਾਗ C ਦੇ ਅਧੀਨ ਅਰਲੀ ਇੰਟਰਵੈਂਸ਼ਨ ਸਰਵਿਸੇਜ਼ ਤੋਂ ਪਰਿਵਰਤਨ ਲਈ ਗਾਈਡ।*

Washington ਰਾਜ Department of Children, Youth and Families (ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਦਾ ਵਿਭਾਗ), Early Support for Infants and Toddlers (ਨਵਜੰਮੇ ਅਤੇ ਛੋਟੇ ਬੱਚਿਆਂ ਦੀ ਸ਼ੁਰੂਆਤੀ ਸਹਾਇਤਾ) ਪ੍ਰੋਗਰਾਮ ਦੁਆਰਾ ਫੰਡ ਪ੍ਰਦਾਨ ਕੀਤਾ ਗਿਆ।

Washington State Department of
CHILDREN, YOUTH & FAMILIES

## ਪਰਿਵਰਤਨ ਕੀ ਹੁੰਦਾ ਹੈ?

ਜਦੋਂ ਤੁਹਾਡਾ ਬੱਚਾ ਤਿੰਨ ਸਾਲਾਂ ਦਾ ਹੋ ਜਾਂਦਾ ਹੈ, ਤਾਂ ਸ਼ੁਰੂਆਤੀ ਦਖਲਅੰਦਾਜ਼ੀ ਸੇਵਾਵਾਂ ਬੰਦ ਹੋ ਜਾਂਦੀਆਂ ਹਨ ਅਤੇ ਨਵੀਆਂ ਸੇਵਾਵਾਂ ਅਤੇ ਸਹਿਯੋਗ ਉਪਲਬਧ ਹੋ ਸਕਦੇ ਹਨ। ਪਰਿਵਰਤਨ ਦੀ ਇਹ ਪ੍ਰਕਿਰਿਆ ਉਹਨਾਂ ਬਹੁਤ ਸਾਰੇ ਪਰਿਵਰਤਨਾਂ ਵਿੱਚੋਂ ਇੱਕ ਹੈ ਜੋ ਤੁਹਾਡੇ ਬੱਚੇ ਅਤੇ ਪਰਿਵਾਰ ਲਈ ਤੁਹਾਡੇ ਜੀਵਨ ਦੌਰਾਨ ਵਾਪਰਨਗੀਆਂ।

ਤੁਹਾਡੇ ਬੱਚੇ ਦੇ ਤੀਜੇ ਜਨਮਦਿਨ ਤੋਂ ਛੇ ਤੋਂ ਨੌਂ ਮਹੀਨੇ ਪਹਿਲਾਂ, ਤੁਸੀਂ ਪ੍ਰੀਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਜਾਂ ਹੋਰ ਲੋੜੀਂਦੀਆਂ ਸੇਵਾਵਾਂ ਅਤੇ ਸਹਿਯੋਗਾਂ ਵਿੱਚ ਪਰਿਵਰਤਨ ਦੀ ਯੋਜਨਾ ਬਣਾਉਣ ਲਈ ਆਪਣੇ family resources coordinator (ਪਰਿਵਾਰਕ ਸਰੋਤ ਕੋਆਰਡੀਨੇਟਰ, FRC) ਅਤੇ ਆਪਣੀ ਟੀਮ ਨਾਲ ਕੰਮ ਕਰਨਾ ਸ਼ੁਰੂ ਕਰੋਗੇ। ਪਰਿਵਾਰ ਅਤੇ ਸੇਵਾ ਪ੍ਰਦਾਤਾ ਇੱਕ ਅਜਿਹੀ ਯਾਤਰਾ ਵਿੱਚ ਇਕੱਠੇ ਇਸ ਪ੍ਰਕਿਰਿਆ ਵਿੱਚੋਂ ਲੰਘਦੇ ਹਨ ਜੋ ਇੱਕ ਪਰਿਵਰਤਨ ਮੀਟਿੰਗ ਵੱਲ ਲੈ ਜਾਂਦੀ ਹੈ।

## ਪਰਿਵਰਤਨ ਮੀਟਿੰਗ ਦਾ ਉਦੇਸ਼ ਕੀ ਹੁੰਦਾ ਹੈ?

Individualized Family Service Plan (ਵਿਅਕਤੀਗਤ ਪਰਿਵਾਰਕ ਸੇਵਾ ਯੋਜਨਾ, IFSP) ਮੀਟਿੰਗ ਦੇ ਦੌਰਾਨ, ਤੁਹਾਡੇ ਅਤੇ ਤੁਹਾਡੀ ਸ਼ੁਰੂਆਤੀ ਦਖਲ ਟੀਮ ਦੁਆਰਾ ਇੱਕ ਲਿਖਤੀ ਪਰਿਵਰਤਨ ਯੋਜਨਾ ਤਿਆਰ ਕੀਤੀ ਜਾਵੇਗੀ ਤਾਂ ਜੋ ਤੁਹਾਡੀ ਪਰਿਵਰਤਨ ਦੀ ਪ੍ਰਕਿਰਿਆ ਵਿੱਚ ਮਾਰਗਦਰਸ਼ਨ ਕਰਨ ਵਿੱਚ ਮਦਦ ਕੀਤੀ ਜਾ ਸਕੇ।

Individuals with Disabilities Education Act (ਅਪਾਹਜਤਾ ਵਾਲੇ ਵਿਅਕਤੀਆਂ ਲਈ ਸਿੱਖਿਆ ਨਿਯਮ, IDEA) ਭਾਗ C ਨੂੰ ਤੁਹਾਡੇ ਬੱਚੇ ਦੇ ਤੀਜੇ ਜਨਮਦਿਨ ਤੋਂ ਪਹਿਲਾਂ ਪਰਿਵਰਤਨ ਲਈ ਇੱਕ ਲਿਖਤੀ ਯੋਜਨਾ ਦੀ ਲੋੜ ਹੁੰਦੀ ਹੈ।

## ਸਾਨੂੰ ਪਰਿਵਰਤਨ ਲਈ ਯੋਜਨਾ ਬਣਾਉਣੀ ਕਦੋਂ ਸ਼ੁਰੂ ਕਰਨੀ ਚਾਹੀਦੀ ਹੈ?

**ਤੁਹਾਡੇ ਬੱਚੇ ਦੇ ਤੀਜੇ ਜਨਮਦਿਨ ਤੋਂ ਛੇ ਤੋਂ ਨੌਂ ਮਹੀਨੇ ਪਹਿਲਾਂ:**

ਪਰਿਵਰਤਨ ਦੀ ਯੋਜਨਾ ਬਣਾਉਣੀ ਸ਼ੁਰੂ ਹੁੰਦੀ ਹੈ। ਤੁਹਾਡੀ FRC ਤੁਹਾਡੇ ਅਤੇ ਤੁਹਾਡੇ ਸਕੂਲ ਦੇ ਡਿਸਟ੍ਰਿਕਟ ਜਾਂ ਹੋਰ ਭਾਈਚਾਰੇ-ਆਧਾਰਿਤ ਪ੍ਰੋਗਰਾਮਾਂ ਵਿਚਕਾਰ ਤੁਹਾਡੇ ਬੱਚੇ ਦੇ ਤਿੰਨ ਸਾਲ ਦੀ ਉਮਰ ਵਿੱਚ ਪਰਿਵਰਤਨ ਦੀ ਯੋਜਨਾ ਬਣਾਉਣ ਲਈ ਸੰਪਰਕ ਕਰਨ ਦੀ ਸੁਵਿਧਾ ਪ੍ਰਦਾਨ ਕਰੇਗੀ।

**ਤੁਹਾਡੇ ਬੱਚੇ ਦੇ ਤੀਜੇ ਜਨਮਦਿਨ ਤੋਂ ਘੱਟੋ-ਘੱਟ ਤਿੰਨ ਮਹੀਨੇ ਪਹਿਲਾਂ, ਇੱਕ ਪਰਿਵਰਤਨ ਯੋਜਨਾ ਮੀਟਿੰਗ ਆਯੋਜਿਤ ਕੀਤੀ ਜਾਵੇਗੀ:**

ਮੀਟਿੰਗ ਦੇ ਹਿੱਸੇ ਵਜੋਂ ਤੁਸੀਂ ਸਕੂਲ ਦੇ ਡਿਸਟ੍ਰਿਕਟ ਦੇ ਪ੍ਰਤੀਨਿਧੀ ਨਾਲ ਮੁਲਾਕਾਤ ਕਰੋਗੇ। ਉਹ ਦੱਸਣਗੇ ਕਿ ਤੁਹਾਡਾ ਬੱਚਾ ਪ੍ਰੀਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਯੋਗ ਹੈ ਜਾਂ ਨਹੀਂ ਇਹ ਨਿਰਧਾਰਤ ਕਰਨ ਲਈ ਕੀ ਹੋਵੇਗਾ।

ਜੇਕਰ ਤੁਹਾਡਾ ਬੱਚਾ ਪ੍ਰੀਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਯੋਗ ਹੁੰਦਾ ਹੈ, ਜਿਵੇਂ ਕਿ ਸਕੂਲ ਡਿਸਟ੍ਰਿਕਟ ਦੁਆਰਾ ਨਿਰਧਾਰਿਤ ਕੀਤਾ ਗਿਆ ਹੈ, ਤਾਂ ਸੇਵਾਵਾਂ ਇੱਕ Individualized Education Program (ਵਿਅਕਤੀਗਤ ਸਿੱਖਿਆ ਪ੍ਰੋਗਰਾਮ, IEP) ਦੁਆਰਾ ਪ੍ਰਦਾਨ ਕੀਤੀਆਂ ਜਾਣਗੀਆਂ।

ਜੇਕਰ ਤੁਸੀਂ ਪ੍ਰੀਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹੋ, ਤਾਂ ਸਕੂਲ ਡਿਸਟ੍ਰਿਕਟ ਦੇ ਪ੍ਰਤੀਨਿਧੀ ਨਾਲ ਮੀਟਿੰਗ ਨਿਯਤ ਨਹੀਂ ਕੀਤੀ ਜਾਵੇਗੀ।

## ਪਰਿਵਰਤਨ ਯੋਜਨਾ ਕੀ ਹੁੰਦੀ ਹੈ?

ਪਰਿਵਰਤਨ ਪਲਾਨ ਇਸ ਗੱਲ ਦੀ ਪਛਾਣ ਕਰਦੀ ਹੈ ਕਿ ਤੁਸੀਂ, ਤੁਹਾਡੀ FRC ਅਤੇ ਤੁਹਾਡੀ ਸ਼ੁਰੂਆਤੀ ਦਖਲਅੰਦਾ ਟੀਮ ਕਿਵੇਂ ਮਦਦ ਕਰੇਗੀ ਕਿਉਂਕਿ ਤੁਹਾਡਾ ਬੱਚਾ ਅਤੇ ਪਰਿਵਾਰ ਤਿੰਨ ਸਾਲ ਦੀ ਉਮਰ ਵਿੱਚ ਸ਼ੁਰੂਆਤੀ ਦਖਲਅੰਦਾਜ਼ੀ ਸੇਵਾਵਾਂ ਤੋਂ ਅੱਗੇ ਵਧਦੇ ਹਨ। ਪਲਾਨ ਦੱਸਦਾ ਹੈ ਕਿ ਜਦੋਂ ਤੁਹਾਡਾ ਬੱਚਾ ਤੁਹਾਡੇ ਸਥਾਨਕ ਸਕੂਲ ਡਿਸਟ੍ਰਿਕਟ ਪ੍ਰੀਸਕੂਲ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਜਾਂ ਦੂਜੇ ਕਮਿਊਨਿਟੀ-ਆਧਾਰਿਤ ਸੇਵਾਵਾਂ ਵਿੱਚ ਦਾਖਲ ਹੁੰਦਾ ਹੈ, ਜਾਂ ਸਹਿਯੋਗ ਅਤੇ ਸੇਵਾਵਾਂ ਛੱਡਦਾ ਹੈ ਕਿਉਂਕਿ ਤੁਹਾਡਾ ਬੱਚਾ ਯੋਗ ਨਹੀਂ ਰਹਿ ਜਾਂਦਾ ਹੈ, ਤਾਂ ਕਿਹੜੇ ਸਹਿਯੋਗ, ਕਦਮਾਂ ਅਤੇ ਸੇਵਾਵਾਂ ਦੀ ਲੋੜ ਹੋਵੇਗੀ।

## ਮੇਰੇ ਬੱਚੇ ਲਈ ਅਗਲਾ ਕੀ ਹੈ?

**ਮੇਰੇ ਬੱਚੇ ਦੀ ਪਰਿਵਰਤਨ ਯੋਜਨਾ ਨੂੰ ਵਿਕਸਿਤ ਕਰਨਾ:**

ਤੁਸੀਂ ਅਤੇ ਤੁਹਾਡੀ ਸ਼ੁਰੂਆਤੀ ਦਖਲਅੰਦਾਜ਼ੀ ਟੀਮ ਯੋਜਨਾ ਨੂੰ ਵਿਕਸਤ ਕਰਨ ਲਈ ਮਿਲ ਕੇ ਕੰਮ ਕਰੋਗੇ। ਟੀਮ ਵਿੱਚ ਤੁਸੀਂ, ਤੁਹਾਡੀ FRC, ਉਹ ਲੋਕ ਜੋ ਹੁਣ ਤੁਹਾਡੇ ਬੱਚੇ ਨਾਲ ਕੰਮ ਕਰਦੇ ਹਨ, ਹੋਰ ਵਿਅਕਤੀ ਜਿਨ੍ਹਾਂ ਨੂੰ ਤੁਸੀਂ ਸ਼ਾਮਲ ਕਰਨਾ ਚਾਹ ਸਕਦੇ ਹੋ ਅਤੇ ਉਹ ਲੋਕ ਜੋ ਭਵਿੱਖ ਵਿੱਚ ਤੁਹਾਡੇ ਬੱਚੇ ਨਾਲ ਸ਼ਾਮਲ ਹੋ ਸਕਦੇ ਹਨ, ਇਹ ਸਭ ਸ਼ਾਮਲ ਹੋਣਗੇ। ਟੀਮ ਤੁਹਾਡੇ ਬੱਚੇ ਦੀ ਤਰੱਕੀ ਅਤੇ ਲੋੜਾਂ ਨੂੰ ਵੇਖੇਗੀ। FRC ਪਰਿਵਰਤਨ ਯੋਜਨਾ ਦੇ ਵਿਕਾਸ ਦਾ ਪ੍ਰਬੰਧਨ ਕਰਦੀ ਹੈ।

**ਤਿੰਨ ਸਾਲ ਦੀ ਉਮਰ ਵਿੱਚ ਪਰਿਵਰਤਨ ਤੋਂ ਬਾਅਦ ਮੇਰੇ ਬੱਚੇ ਲਈ ਕਿਹੜੀਆਂ ਸੇਵਾਵਾਂ ਉਪਲਬਧ ਹੋ ਸਕਦੀਆਂ ਹਨ?**

ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕੀ ਤੁਹਾਡੇ ਬੱਚੇ ਨੂੰ ਪ੍ਰੀਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਦੀ ਲੋੜ ਹੈ ਜਾਂ ਨਹੀਂ। ਕਿ ਤੁਹਾਡਾ ਬੱਚਾ ਪ੍ਰੀਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਯੋਗ ਹੈ ਜਾਂ ਨਹੀਂ ਇਹ ਤੁਹਾਡਾ ਸਕੂਲ ਡਿਸਟ੍ਰਿਕਟ ਨਿਰਧਾਰਤ ਕਰੇਗਾ। ਜੇਕਰ ਤੁਹਾਡਾ ਬੱਚਾ ਯੋਗ ਹੈ, ਤਾਂ ਕਈ ਤਰ੍ਹਾਂ ਦੀਆਂ ਸੇਵਾ ਸੈਟਿੰਗਾਂ ਦੇ ਵਿਕਲਪ ਉਪਲਬਧ ਹੋ ਸਕਦੇ ਹਨ, ਜਿਵੇਂ ਕਿ ਕਮਿਊਨਿਟੀ ਪ੍ਰੋਗਰਾਮ, ਹੈੱਡ ਸਟਾਰਟ, Early Childhood Education and Assistance Program (ਸ਼ੁਰੂਆਤੀ ਬਚਪਨ ਸਿੱਖਿਆ ਅਤੇ ਸਹਾਇਤਾ ਪ੍ਰੋਗਰਾਮ, ECEAP), ਜਾਂ ਸਕੂਲ-ਆਧਾਰਿਤ, ਪ੍ਰੀਸਕੂਲ ਵਿਸ਼ੇਸ਼ ਸਿੱਖਿਆ ਪ੍ਰੋਗਰਾਮ। ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਇੱਕ IEP ਰਾਹੀਂ ਪ੍ਰਦਾਨ ਕੀਤੀਆਂ ਜਾਣਗੀਆਂ। FRC ਪਰਿਵਰਤਨ ਯੋਜਨਾ ਦੀ ਮੀਟਿੰਗ ਦਾ ਪ੍ਰਬੰਧਨ ਕਰਦੀ ਹੈ। ਸਕੂਲ ਡਿਸਟ੍ਰਿਕਟ ਤੁਹਾਡੇ ਬੱਚੇ ਦੇ IEP ਨੂੰ ਵਿਕਸਤ ਕਰਨ ਲਈ ਇੱਕ ਮੀਟਿੰਗ ਆਯੋਜਿਤ ਕਰੇਗਾ।

ਤੁਸੀਂ ਬੇਨਤੀ ਕਰ ਸਕਦੇ ਹੋ ਕਿ ਤੁਹਾਡੀ FRC ਨੂੰ IEP ਮੀਟਿੰਗ ਵਿੱਚ ਬੁਲਾਇਆ ਜਾਵੇ। ਤੁਸੀਂ IEP ਮੀਟਿੰਗ ਵਿੱਚ ਸਹਿਯੋਗ ਲਈ ਆਪਣੇ ਨਾਲ ਕਿਸੇ ਦੋਸਤ, ਪਰਿਵਾਰ ਦੇ ਮੈਂਬਰਾਂ ਜਾਂ ਆਪਣੀ ਪਸੰਦ ਦੇ ਦੂਜੇ ਭਾਈਚਾਰੇ ਦੇ ਮੈਂਬਰ ਨੂੰ ਲਿਆ ਸਕਦੇ ਹੋ। ਜੇਕਰ ਤੁਹਾਡੇ ਕੋਲ Developmental Disabilities Administration (ਵਿਕਾਸ ਵਿੱਚ ਅਸਮਰਥਤਾ ਸੰਬੰਧੀ ਪ੍ਰਸ਼ਾਸਨ, DDA) ਕੇਸ ਮੈਨੇਜਰ ਜਾਂ Children with Special Health Care Needs (ਵਿਸ਼ੇਸ਼ ਸਿਹਤ ਦੇਖਭਾਲ ਜ਼ਰੂਰਤਾਂ ਵਾਲੇ ਬੱਚੇ, CSHCN) ਕੋਆਰਡੀਨੇਟਰ ਹੈ, ਤਾਂ ਤੁਸੀਂ ਉਨ੍ਹਾਂ ਨੂੰ ਵੀ ਸੱਦਾ ਦੇਣਾ ਚਾਹ ਸਕਦੇ ਹੋ। IEP ਮੀਟਿੰਗ ਤੁਹਾਡੇ ਬੱਚੇ ਦੇ ਤੀਜੇ ਜਨਮਦਿਨ ਤੋਂ ਪਹਿਲਾਂ ਹੋਣੀ ਚਾਹੀਦੀ ਹੈ ਅਤੇ IEP ਤੁਹਾਡੇ ਬੱਚੇ ਦੇ ਤੀਜੇ ਜਨਮਦਿਨ ਤੋਂ ਪਹਿਲਾਂ ਹੋਣੀ ਚਾਹੀਦੀ ਹੈ। IEP ਮੀਟਿੰਗਾਂ ਸਾਲਾਨਾ ਆਧਾਰ 'ਤੇ ਨਿਯਤ ਕੀਤੀਆਂ ਜਾਂਦੀਆਂ ਹਨ। ਹਾਲਾਂਕਿ, ਤੁਸੀਂ ਕਿਸੇ ਵੀ ਸਮੇਂ IEP ਮੀਟਿੰਗ ਲਈ ਬੇਨਤੀ ਕਰ ਸਕਦੇ ਹੋ ਜਦੋਂ ਤੁਹਾਨੂੰ ਜਾਂ ਸਕੂਲ ਦੇ ਸਟਾਫ ਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਦੇ ਪ੍ਰੋਗਰਾਮ 'ਤੇ ਚਰਚਾ ਕਰਨ ਦੀ ਲੋੜ ਹੈ।

**ਜੇਕਰ ਮੇਰਾ ਬੱਚਾ ਪ੍ਰੀਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਯੋਗ ਨਹੀਂ ਹੁੰਦਾ ਹੈ ਤਾਂ ਕੀ ਹੋਵੇਗਾ?**

ਜੇਕਰ ਤੁਹਾਡਾ ਬੱਚਾ ਪ੍ਰੀਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਯੋਗ ਨਹੀਂ ਹੁੰਦਾ ਹੈ, ਤਾਂ ਤੁਹਾਡੀ FRC ਤੁਹਾਡੇ ਬੱਚੇ ਲਈ ਉਪਲਬਧ ਹੋਰ ਸੰਭਵ ਵਿਕਲਪਾਂ, ਜਿਵੇਂ ਕਿ ਹੈੱਡ ਸਟਾਰਟ, ECEAP ਜਾਂ ਹੋਰ ਭਾਈਚਾਰਾ ਪ੍ਰੋਗਰਾਮਾਂ ਦੀ ਪਛਾਣ ਕਰਨ ਲਈ ਤੁਹਾਡੇ ਨਾਲ ਕੰਮ ਕਰੇਗੀ।

## ਪਰਿਵਰਤਨ ਪ੍ਰਕਿਰਿਆ ਵਿੱਚ ਸਾਡੀ ਕੀ ਭੂਮਿਕਾ ਹੈ?

**ਤੁਸੀਂ ਆਪਣੇ ਬੱਚੇ ਅਤੇ ਆਪਣੇ ਪਰਿਵਾਰ ਦਾ ਸਹਿਜ ਪਰਿਵਰਤਨ ਕਰਨ ਵਿੱਚ ਕਿਵੇਂ ਮਦਦ ਕਰ ਸਕਦੇ ਹੋ ਇਸ ਬਾਰੇ ਸੁਝਾਅ:**

- ਤੁਸੀਂ ਆਪਣੇ ਬੱਚੇ ਲਈ ਕੀ ਚਾਹੁੰਦੇ ਹੋ ਇਸ ਬਾਰੇ ਗੱਲ ਕਰਕੇ ਮੀਟਿੰਗਾਂ ਵਿੱਚ ਹਿੱਸਾ ਲਓ।
- ਮੀਟਿੰਗਾਂ ਵਿੱਚ ਨੋਟਸ ਬਣਾਓ।
- ਸਰੋਤਾਂ ਅਤੇ ਸੇਵਾਵਾਂ ਦੀ ਪੜਚੋਲ ਕਰੋ।
- ਆਪਣੇ ਬੱਚੇ ਦੀਆਂ ਗਤੀਵਿਧੀਆਂ ਅਤੇ ਰੁਚੀਆਂ ਬਾਰੇ ਇੱਕ ਨੋਟਬੁੱਕ ਰੱਖੋ। ਆਪਣੇ ਬੱਚੇ ਦਾ ਜਨਮ ਪ੍ਰਮਾਣ ਪੱਤਰ, ਟੀਕਾਕਰਨ ਦਾ ਰਿਕਾਰਡ, ਮੈਡੀਕਲ ਰਿਪੋਰਟਾਂ, ਫ਼ੋਟੋਆਂ, ਮੁਲਾਂਕਣ, ਅਤੇ ਪਿਛਲੀ IFSP ਸ਼ਾਮਲ ਕਰੋ। ਤੁਹਾਡੇ ਬੱਚੇ ਦੀਆਂ ਤਸਵੀਰਾਂ ਤੱਥਾਂ ਅਤੇ ਜਾਣਕਾਰੀ ਨੂੰ ਵਿਅਕਤੀਗਤ ਬਣਾਉਣ ਵਿੱਚ ਮਦਦ ਕਰਦੀਆਂ ਹਨ।
- ਆਪਣੇ ਬੱਚੇ ਦਾ ਸਾਥ ਦੇਣ ਲਈ ਕੀ ਮਦਦਗਾਰ ਹੋ ਸਕਦਾ ਹੈ? ਤੁਸੀਂ ਉਸਦੀਆਂ ਲੋੜਾਂ ਨੂੰ ਸਭ ਤੋਂ ਚੰਗੀ ਤਰ੍ਹਾਂ ਜਾਣਦੇ ਹੋ। ਜਾਣੋ ਕਿ ਤੁਹਾਡੇ ਬੱਚੇ ਤੋਂ ਕੀ ਉਮੀਦ ਕਰਨੀ ਚਾਹੀਦੀ ਹੈ ਅਤੇ ਤੁਹਾਡੇ ਬੱਚੇ ਲਈ ਉਹ ਸੇਵਾਵਾਂ ਪ੍ਰਾਪਤ ਕਰਨ ਲਈ ਸਕੂਲ ਡਿਸਟ੍ਰਿਕਟ ਅਤੇ IEP ਟੀਮ ਨਾਲ ਕੰਮ ਕਰੋ।

## ਪਰਿਵਰਤਨ ਤੋਂ ਬਾਅਦ ਮੇਰੇ ਅਗਲੇ ਕਦਮ ਕੀ ਹੁੰਦੇ ਹਨ?

ਪੁੱਛੋ ਕਿ ਕੀ ਤੁਹਾਡੇ ਡਿਸਟ੍ਰਿਕਟ ਵਿੱਚ ਕੋਈ ਪਰਿਵਾਰਕ ਸਹਿਯੋਗ ਸਮੂਹ, ਸਥਾਨਕ Parent Teacher Student Association (ਮਾਤਾ-ਪਿਤਾ ਅਧਿਆਪਕ ਵਿਦਿਆਰਥੀ ਸੰਗਠਨ, PTSA) ਜਾਂ Special Education Parent Advisory Council ਵਿਸ਼ੇਸ਼ ਸਿੱਖਿਆ ਮਾਤਾ-ਪਿਤਾ ਸਲਾਹਕਾਰ ਕੌਂਸਲ, SEPAC) ਹੈ। ਪੁੱਛੋ ਕਿ ਜੇ ਤੁਹਾਨੂੰ ਕੋਈ ਪਰੇਸ਼ਾਨੀ ਹੁੰਦੀ ਹੈ, ਤਾਂ ਕੀ ਤੁਹਾਡੇ ਡਿਸਟ੍ਰਿਕਟ ਵਿੱਚ ਕੋਈ ਪਰਿਵਾਰਕ ਸੇਵਾ ਕਰਮਚਾਰੀ, ਸਮਾਜਕ ਕਾਰਜਕਰਤਾ, ਜਾਂ ਸਕੂਲ ਮਨੋਵਿਗਿਆਨੀ ਹੈ ਜੋ ਤੁਹਾਡੀ ਮਦਦ ਕਰ ਸਕਦਾ ਹੈ। ਯਾਦ ਰੱਖੋ ਕਿ ਜਦੋਂ ਤੁਹਾਡਾ ਪਰਿਵਾਰ ਪਰਿਵਰਤਨ ਦੀ ਪ੍ਰਕਿਰਿਆ ਵਿੱਚੋਂ ਲੰਘਦਾ ਹੈ ਤਾਂ ਤੁਹਾਨੂੰ, ਇੱਕ ਮਾਤਾ-ਪਿਤਾ ਦੇ ਤੌਰ 'ਤੇ, ਆਪਣੇ ਲਈ ਅਤੇ ਨਾਲ ਹੀ ਆਪਣੇ ਬੱਚੇ ਲਈ ਸਹਿਯੋਗ ਤੋਂ ਲਾਭ ਹੋ ਸਕਦਾ ਹੈ।

## ਸਾਨੂੰ ਹੋਰ ਕਿਹੜੀ ਜਾਣਕਾਰੀ ਦੇ ਬਾਰੇ ਪਤਾ ਹੋਣਾ ਚਾਹੀਦਾ ਹੈ?

ਜੇਕਰ ਤੁਹਾਡਾ ਬੱਚਾ ਇਸ ਸਮੇਂ DDA ਤੋਂ ਸੇਵਾਵਾਂ ਪ੍ਰਾਪਤ ਕਰਨ ਲਈ ਯੋਗ ਹੈ, ਤਾਂ ਤੁਹਾਡੇ ਬੱਚੇ ਦੇ ਚਾਰ ਸਾਲ ਦੇ ਹੋਣ ਤੋਂ ਪਹਿਲਾਂ ਸੇਵਾਵਾਂ ਲਈ ਯੋਗਤਾ ਮੁੜ-ਨਿਰਧਾਰਤ ਕੀਤੀ ਜਾਣੀ ਚਾਹੀਦੀ ਹੈ। ਪਰਿਵਰਤਨ ਦੀ ਇਸ ਪ੍ਰਕਿਰਿਆ ਦੇ ਦੌਰਾਨ ਤੁਹਾਡੇ ਲਈ ਸ਼ੁਰੂਆਤੀ ਦਖਲਅੰਦਾਜ਼ੀ ਦੇ ਮੁਲਾਂਕਣਾਂ, ਪਰਿਵਰਤਨ ਦੀ ਜਾਣਕਾਰੀ ਅਤੇ ਸਕੂਲ ਡਿਸਟ੍ਰਿਕਟ ਦੀ ਮੁਲਾਂਕਣ ਰਿਪੋਰਟ ਨੂੰ DDA ਨਾਲ ਸਾਂਝਾ ਕਰਨਾ ਜ਼ਰੂਰੀ ਹੁੰਦਾ ਹੈ। **DDA ਨੂੰ ਇਹ ਜਾਣਕਾਰੀ ਦੇਣ ਲਈ ਤੁਹਾਡੀ ਸਹਿਮਤੀ ਸਕੂਲ ਡਿਸਟ੍ਰਿਕਟ ਤੋਂ ਪਰਿਵਰਤਨ ਯੋਜਨਾ ਦੀ ਮੀਟਿੰਗ ਵਿੱਚ ਪ੍ਰਾਪਤ ਕੀਤੀ ਜਾ ਸਕਦੀ ਹੈ।** ਜੇਕਰ ਤੁਹਾਡੇ ਬੱਚੇ ਦੀ ਜਾਰੀ ਰੱਖਣ ਲਈ ਯੋਗਤਾ ਨਿਰਧਾਰਤ ਕਰਨ ਲਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਹੈ, ਤਾਂ ਤੁਹਾਡੇ ਬੱਚੇ ਨੂੰ ਚਾਰ ਸਾਲ ਦੀ ਉਮਰ ਵਿੱਚ DDA ਸੇਵਾਵਾਂ ਤੋਂ ਹਟਾ ਦਿੱਤਾ ਜਾਵੇਗਾ।

# ਮੈਂ ਹੋਰ ਮਦਦ ਜਾਂ ਜਾਣਕਾਰੀ ਲਈ ਕਿੱਥੇ ਜਾ ਸਕਦਾ/ਸਕਦੀ ਹਾਂ?



Department of Children, Youth & Families (ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਦਾ ਵਿਭਾਗ) Early Support for Infants and Toddlers (ਨਵਜੰਮੇ ਅਤੇ ਛੋਟੇ ਬੱਚਿਆਂ ਲਈ ਸ਼ੁਰੂਆਤੀ ਸਹਾਇਤਾ, ESIT) ਪ੍ਰੋਗਰਾਮ IDEA ਭਾਗ C ਦੀ ਸ਼ੁਰੂਆਤੀ ਦਖਲਅੰਦਾਜ਼ੀ ਸੇਵਾਵਾਂ ਦੀ ਰਾਜ ਵਿਆਪੀ ਪ੍ਰਣਾਲੀ ਨੂੰ ਨਿਰਦੇਸ਼ਤ ਕਰਦਾ ਹੈ।

**esit@dcyf.wa.gov**
**www.dcyf.wa.gov**

ਵਧੇਰੇ ਜਾਣਕਾਰੀ ਅਤੇ ਆਪਣੇ ਸਥਾਨਕ ਖੇਤਰ ਵਿੱਚ ਇੱਕ FRC ਦੇ ਨਾਮ ਲਈ family resources coordinator (ਪਰਿਵਾਰਕ ਸਰੋਤ ਕੋਆਰਡੀਨੇਟਰ, FRC) ਨੂੰ ਰੈਫਰਲ ਲਈ ਹੈਲਪ ਮੀ ਗ੍ਰੋ Washington ਨਾਲ ਸੰਪਰਕ ਕਰੋ।

1-800-322-2588

ਕਿੰਡਰਿੰਗ ਸੈਂਟਰ ਵਿਖੇ Washington ਰਾਜ ਪਿਤਾ ਦਾ ਨੈੱਟਵਰਕ। ਉਹਨਾਂ ਸਾਰੇ ਮਰਦਾਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਲਈ ਸਮਰਥਨ ਪ੍ਰਦਾਨ ਕਰਦਾ ਹੈ ਅਤੇ ਉਹਨਾਂ ਲਈ ਸਹਾਇਤਾ ਅਤੇ ਸਰੋਤ ਪ੍ਰਦਾਨ ਕਰਦਾ ਹੈ ਜਿਹਨਾਂ ਦੇ ਬੱਚੇ ਵਿਸ਼ੇਸ਼ ਲੋੜਾਂ ਵਾਲੇ ਹੁੰਦੇ ਹਨ।

(425) 653-4286

**www.fathersnetwork.org**

PAVE ਇੱਕ ਰਾਜ-ਵਿਆਪੀ ਮਾਤਾ-ਪਿਤਾ ਦੀ ਸਿਖਲਾਈ ਅਤੇ ਸੂਚਨਾ ਦਾ ਕੇਂਦਰ ਹੈ ਜੋ ਉਹਨਾਂ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ ਜਿਨ੍ਹਾਂ ਦੇ ਬੱਚੇ ਜਨਮ ਤੋਂ ਲੈ ਕੇ ਬਾਲਗ ਹੋਣ ਤੱਕ ਅਪਾਹਜ ਹਨ।

1-800-572-7368 (800-5 PARENT)

**www.wapave.org**

Washington ਸਟੇਟ ਪੇਰੈਂਟ ਟੂ ਪੇਰੈਂਟ ਇੱਕ ਮਾਤਾ-ਪਿਤਾ ਦਾ ਇਕ ਰਾਜ ਵਿਆਪੀ ਨੈਟਵਰਕ ਹੈ ਜੋ ਉਹਨਾਂ ਮਾਪਿਆਂ ਨੂੰ ਭਾਵਨਾਤਮਕ ਸਹਿਯੋਗ ਅਤੇ ਜਾਣਕਾਰੀ ਪ੍ਰਦਾਨ ਕਰਦਾ ਹੈ ਜਿਹਨਾਂ ਦੇ ਬੱਚੇ ਅਪਾਹਜ ਹਨ ਜਾਂ ਜਿਨ੍ਹਾਂ ਦਾ ਵਿਕਾਸ ਹੋਣ ਵਿੱਚ ਦੇਰੀ ਹੁੰਦੀ ਹੈ।

1-800-821-5927

**www.arcwa.org/parent-to-parent**

ਦਿ ਆਰਕ ਆਫ Washington ਸਟੇਟ ਸਿੱਖਿਆ, ਸਿਹਤ, ਸਵੈ-ਨਿਰਭਰਤਾ, ਸਵੈ-ਸਹਿਯੋਗ, ਸ਼ਮੂਲੀਅਤ, ਅਤੇ ਵਿਕਾਸ ਸੰਬੰਧੀ ਅਸਮਰਥਤਾਵਾਂ ਵਾਲੇ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਚੁਣਨ ਨੂੰ ਵਧਾਵਾ ਦਿੰਦਾ ਹੈ।

1-888-754-8798

**www.arcwa.org**

Office of Superintendent of Public Instruction (ਜਨਤਕ ਹਿਦਾਇਤ ਦੇ ਸੁਪਰਡੈਂਟ ਦਾ ਦਫ਼ਤਰ) ਦੇ ਦਫ਼ਤਰ ਕੋਲ ਉਨ੍ਹਾਂ ਬੱਚਿਆਂ ਦੇ ਪਰਿਵਾਰਾਂ ਲਈ ਇੱਕ ਮਦਦਗਾਰ ਵੈੱਬਸਾਈਟ ਹੁੰਦੀ ਹੈ ਜੋ ਇੱਥੇ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਪ੍ਰਾਪਤ ਕਰਦੇ ਹਨ:

**www.K12.wa.us/SpecialEd/Families/default.aspx**


**Washington ਰਾਜ Department of Children, Youth & Families (ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਦਾ ਵਿਭਾਗ) Early Support for Infants and Toddlers (ਨਵਜੰਮੇ ਅਤੇ ਛੋਟੇ ਬੱਚਿਆਂ ਦੀ ਸ਼ੁਰੂਆਤੀ ਸਹਾਇਤਾ)**

PO Box 40970
Olympia WA 98504-0970
**esit@dcyf.wa.gov**
**www.dcyf.wa.gov/services/child-development-supports/esit**



*ਸਾਰੇ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਵਿੱਚ ਭੇਦਭਾਵ ਕਰਨ ਦੀ ਮਨਾਹੀ ਹੈ। ਕਿਸੇ ਨੂੰ ਵੀ ਨਸਲ, ਰੰਗ, ਧਰਮ, ਪੰਥ, ਜਾਤ, ਰਾਸ਼ਟਰੀ ਮੂਲ, ਲਿੰਗ, ਉਮਰ ਜਾਂ ਅਪਾਹਜਤਾ ਦੇ ਆਧਾਰ 'ਤੇ ਬਾਹਰ ਨਹੀਂ ਰੱਖਿਆ ਜਾਵੇਗਾ।*

*ਜੇ ਤੁਸੀਂ ਇਸ ਦਸਤਾਵੇਜ਼ ਦੀਆਂ ਕਾਪੀਆਂ ਕਿਸੇ ਵਿਕਲਪਿਕ ਫਾਰਮੈਟ ਜਾਂ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਕਿਰਪਾ ਕਰਕੇ DCYF Constituent Relations (DCYF ਸੰਵਿਧਾਨਕ ਸੰਬੰਧਾਂ) (1-800-723-4831 | 360-902-8060, **ConstRelations@dcyf.wa.gov**). ਨਾਲ ਸੰਪਰਕ ਕਰੋ*



DCYF PUBLICATION FS_0004 | DEL 11-013 PJ (07-2023) Punjabi